## ਪੰਜਾਬ ਵਿਧਾਨ ਸਭਾ ਸਕੱਤਰੇਤ

ਮੰਗਲਵਾਰ, ਮਿਤੀ 02 ਮਾਰਚ, 2021 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ।

### ਪੰਜਾਬ ਪਾਵਰਕੋਮ ਅਤੇ PSTCL ਵਿਚ ਮਨਜ਼ੂਰਸ਼ੁਦਾ ਅਸਾਮੀਆਂ

520. **ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਸਰਕਾਰ ਵੱਲੋਂ ਪੰਜਾਬ ਰਾਜ ਬਿਜਲੀ ਨਿਗਮ ਲਿਮਟਿਡ (ਪਾਵਰਕੌਮ) ਅਤੇ ਪੀ.ਐਸ.ਟੀ.ਸੀ.ਐਲ (ਟਰਾਂਸਮਿਸ਼ਨ) ਵਿੱਚ ਸਾਲ, 2017 ਤੋਂ ਹੁਣ ਤੱਕ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਖਤਮ ਕੀਤੀਆਂ ਗਈਆਂ ਹਨ ਜਾਂ ਅਸਾਮੀਆਂ ਖਤਮ ਕਰਨ ਦੀ ਕੋਈ ਤਜਵੀਜ਼ ਹੈ, ਅਜਿਹਾ ਕਰਨ ਦੇ ਕੀ ਕਾਰਨ ਹਨ ਅਤੇ ਖਤਮ ਕੀਤੀਆਂ ਗਈਆਂ ਪੋਸਟਾਂ ਵਿੱਚ ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਅਸਾਮੀਆਂ ਦੀ ਗਿਣਤੀ ਕਿੰਨੀ ਹੈ;

ਅ) ਖਤਮ ਕੀਤੀਆਂ ਗਈਆਂ ਅਸਾਮੀਆਂ ਵਿੱਚ ਪੰਜਾਬ ਐਕਸ ਸਰਵਿਸਮੈਨ ਕਾਰਪੋਰੇਸ਼ਨ ਦੇ ਪਾਵਰਕੌਮ ਅਤੇ ਪੀ.ਐਸ.ਟੀ.ਸੀ.ਐਲ (ਟਰਾਂਸਮਿਸ਼ਨ) ਵਿੱਚ ਆਊਟ ਸੋਰਸ ਤੇ ਕੰਮ ਕਰਦੇ ਕਰਮਚਾਰੀਆਂ ਦੀ ਗਿਣਤੀ ਕਿੰਨੀ ਹੈ;

ੲ) ਕਿੰਨੀਆਂ ਨਵੀਆਂ ਅਸਾਮੀਆਂ ਕ੍ਰੀਏਟ ਕੀਤੀਆਂ ਗਈਆਂ ਹਨ, ਕਿੰਨੀ ਭਰਤੀ ਕੀਤੀ ਗਈ ਹੈ ਅਤੇ ਭਰਤੀ ਕੀਤੇ ਗਏ ਉਮੀਦਵਾਰਾਂ ਵਿੱਚੋਂ ਕਿੰਨੇ ਪੰਜਾਬ ਅਤੇ ਕਿੰਨੇ ਬਾਹਰਲੇ ਸੂਬਿਆਂ ਨਾਲ ਸੰਬੰਧਿਤ ਹਨ;

ਸ) ਇਸ ਵੇਲੇ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਖਾਲੀ ਪਈਆਂ ਹਨ ਅਤੇ ਇਨ੍ਹਾਂ ਖਾਲੀ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

### ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਖਾਲੀ ਪਈਆਂ ਅਸਾਮੀਆਂ ਦੇ ਵੇਰਵਾ

521. **ਸ਼੍ਰੀ ਪਵਨ ਕੁਮਾਰ ਟੀਨੂੰ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ ਵਿੱਚ ਸਾਲ 2017 ਤੋਂ ਹੁਣ ਤੱਕ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਖਤਮ ਕੀਤੀਆਂ ਗਈਆਂ ਹਨ ਜਾਂ ਅਸਾਮੀਆਂ ਖਤਮ ਕਰਨ ਦੀ ਤਜਵੀਜ਼ ਹੈ ਅਤੇ ਖਤਮ ਕੀਤੀਆਂ ਗਈਆਂ ਪੋਸਟਾਂ ਵਿੱਚ ਅਨੁਸੂਚਿਤ ਜਾਤੀ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਅਸਾਮੀਆਂ ਦੀ ਗਿਣਤੀ ਕਿੰਨੀ ਹੈ;

ਅ) ਕਿੰਨੀਆਂ ਨਵੀਆਂ ਅਸਾਮੀਆਂ ਕ੍ਰੀਏਟ ਕੀਤੀਆਂ ਗਈਆਂ ਹਨ, ਕਿੰਨੀ ਭਰਤੀ ਕੀਤੀ ਗਈ ਹੈ ਅਤੇ ਭਰਤੀ ਕੀਤੇ ਗਏ ਉਮੀਦਵਾਰਾਂ ਵਿੱਚੋਂ ਕਿੰਨੇ ਪੰਜਾਬ ਅਤੇ ਕਿੰਨੇ ਬਾਹਰਲੇ ਸੂਬਿਆਂ ਨਾਲ ਸੰਬੰਧਿਤ ਹਨ; ਖਾਲੀ ਪਈਆਂ ਮਨਜ਼ੂਰਸ਼ੁਦਾ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ?

### ਜ਼ਿਲ੍ਹਾ ਬਠਿੰਡਾ ਵਿਖੇ ਕਰੋਨਾਂ ਮਹਾਂਮਾਰੀ ਦੀ ਰੋਕਥਾਮ ਲਈ ਜਾਰੀ ਕੀਤੇ ਫੰਡਾਂ ਦੇ ਵੇਰਵੇ

522. **ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕਰੋਨਾ ਮਹਾਂਮਾਰੀ ਦੀ ਰੋਕਥਾਮ ਲਈ ਜ਼ਿਲ੍ਹਾ ਬਠਿੰਡਾ ਨੂੰ ਕੁੱਲ ਕਿੰਨਾਂ ਫੰਡ ਜਾਰੀ ਕੀਤਾ ਗਿਆ ਅਤੇ ਕਿੰਨਾਂ ਖਰਚ ਕੀਤਾ ਗਿਆ; ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ?

### ਨਕਲੀ ਕੀਟਨਾਸ਼ਕ ਦਵਾਈਆਂ ਅਤੇ ਝੋਨੇ ਦੇ ਬੀਜ਼ ਵੇਚਣ ਵਾਲਿਆਂ ਖਿਲਾਫ ਕਾਰਵਾਈ

523. **ਸ਼੍ਰੀਮਤੀ ਰੁਪਿੰਦਰ ਕੌਰ ਰੂਬੀ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸੂਬੇ ਵਿੱਚ ਨਕਲੀ ਕੀਟਨਾਸ਼ਕ ਦਵਾਈਆਂ ਅਤੇ ਝੋਨੇ ਦੇ ਨਕਲੀ ਬੀਜ ਵੇਚੇ ਜਾ ਰਹੇ ਹਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉਤਰ ਹਾਂ ਵਿੱਚ ਹੈ ਤਾਂ ਕੀ ਉਕਤ ਨਕਲੀ ਕੀਟਨਾਸ਼ਕ ਵੇਚਣ ਵਾਲੇ ਡੀਲਰਾਂ ਦੀ ਜਾਂਚ ਕਰਕੇ ਉਨ੍ਹਾਂ ਅਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਜਿਨ੍ਹਾਂ ਦੇ ਇਲਾਕਿਆਂ ਵਿੱਚ ਇਹ ਦਵਾਈਆਂ ਵਿਕਦੀਆਂ ਹਨ, ਦੀ ਪੜਤਾਲ ਕਰਨ ਅਤੇ ਬਣਦੀ ਕਾਰਵਾਈ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਉਸ ਦੇ ਕੀ ਵੇਰਵੇ ਹਨ?

### ਸਾਲ 2002 ਤੋਂ 2020 ਤੱਕ ਇਕੱਤਰ ਹੋਏ ਮਾਲੀਏ ਦਾ ਵੇਰਵਾ

525. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) 1 ਅਪ੍ਰੈਲ, 2002 ਤੋਂ 31 ਮਾਰਚ, 2007, 1 ਅਪ੍ਰੈਲ 2007 ਤੋਂ 31 ਮਾਰਚ, 2012, 1 ਅਪ੍ਰੈਲ 2012 ਤੋਂ 31 ਮਾਰਚ, 2017 ਅਤੇ 1 ਅਪ੍ਰੈਲ, 2017 ਤੋਂ 31 ਮਾਰਚ, 2020 ਦੌਰਾਨ ਰਾਜ ਸਰਕਾਰ ਨੂੰ ਕਿੰਨਾਂ-ਕਿੰਨਾਂ ਮਾਲੀਆ ਇਕੱਠਾ ਹੋਇਆ ਹੈ;

ਅ) ਕੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਇਕੱਤਰ ਹੋਇਆ ਮਾਲੀਆ ਇਨ੍ਹਾਂ ਸਾਲਾਂ ਦੇ ਬਜਟ ਅਨੁਮਾਨਾਂ ਅਨੁਸਾਰ ਇਕੱਤਰ ਹੋਇਆ ਹੈ ਜਾਂ ਇਸ ਤੋਂ ਘੱਟ ਹੈ; ਜੇਕਰ ਘੱਟ ਹੈ ਤਾਂ ਬਜਟ ਅਨੁਮਾਨਾਂ ਤੋਂ ਕਿੰਨਾਂ-ਕਿੰਨਾਂ ਮਾਲੀਆ ਘੱਟ ਇਕੱਤਰ ਹੋਇਆ ਅਤੇ ਘੱਟ ਮਾਲੀਆ ਇਕੱਤਰ ਹੋਣ ਦੇ ਕੀ ਕਾਰਨ ਹਨ; ਸਾਲਵਾਰ ਦੱਸਿਆ ਜਾਵੇ?

### ਸਾਲ 2002 ਤੋਂ 2020 ਤੱਕ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਖਰਚੀ ਰਕਮ ਦਾ ਵੇਰਵਾ

526. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਸਰਕਾਰ ਵੱਲੋਂ ਇੱਕ ਅਪ੍ਰੈਲ, 2002 ਤੋਂ 31 ਮਾਰਚ, 2020 ਤੱਕ ਪਟਿਆਲਾ ਸ਼ਹਿਰ ਅਤੇ ਸਨੌਰ ਸ਼ਹਿਰ (ਜ਼ਿਲ੍ਹਾ ਪਟਿਆਲਾ) ਦੇ ਵਿਕਾਸ ਲਈ ਕਿੰਨਾਂ-ਕਿੰਨਾਂ ਪੈਸਾ ਕਿਹੜੇ ਕਿਹੜੇ ਵਿਕਾਸ ਕਾਰਜਾਂ ਲਈ ਖਰਚ ਕੀਤਾ ਗਿਆ ਹੈ, ਸਾਲਵਾਰ ਦੱਸਿਆ ਜਾਵੇ?

### ਕੋਟਕਪੂਰਾ ਦੇ ਨਾਲੇ/ਨਾਲੀਆਂ ਬੰਦ ਕਰਕੇ ਸੀਵਰੇਜ ਨਾਲ ਜੋੜਣਾ

528. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸ਼ਹਿਰ ਕੋਟਕਪੂਰਾ ਵਿੱਚ ਨਾਲੇ/ਨਾਲੀਆਂ ਨੂੰ ਬੰਦ ਕਰਕੇ ਸੀਵਰੇਜ਼ ਨਾਲ ਜੋੜਨਾ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਸਰਕਾਰ ਇਹ ਕੰਮ ਕਦੋਂ ਤੱਕ ਪੂਰਾ ਕਰ ਦੇਵੇਗੀ?

### ਨਸ਼ਾ ਤਸਕਰਾਂ ਖਿਲਾਫ ਦਰਜ ਕੇਸਾਂ ਦੇ ਵੇਰਵੇ

529. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਮੌਜੂਦਾ ਸਮੇਂ ਦੌਰਾਨ ਨਸ਼ਾ ਤਸਕਰੀ ਦੇ 23410 ਕੇਸ ਪੁਲਿਸ ਵੱਲੋਂ ਦਰਜ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ 7489 ਕੇਸਾਂ ਦਾ ਅਦਾਲਤਾਂ ਵੱਲੋਂ ਫੈਸਲਾ ਕੀਤਾ ਗਿਆ ਹੈ ਅਤੇ 25.91 ਫੀਸਦੀ ਤਸਕਰ ਅਦਾਲਤਾਂ ਵਿੱਚੋਂ ਬਰੀ ਹੋ ਗਏ ਹਨ;

ਅ) ਜੇਕਰ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਕੀ ਤਸਕਰਾਂ ਖਿਲਾਫ ਦਰਜ ਕੀਤੇ ਗਏ ਕੇਸ ਤੱਥ ਹੀਣ ਸਨ ਜਾਂ ਤਸਕਰ ਹਾਕਮ ਧਿਰ ਨਾਲ ਮਿਲੀ ਭੁਗਤ ਹੋਣ ਕਰਕੇ ਬਰੀ ਹੋਏ ਹਨ;

ੲ) ਜਿਨ੍ਹਾਂ ਕੇਸਾਂ ਵਿੱਚ ਤਸਕਰ ਅਦਾਲਤਾਂ ਵੱਲੋਂ ਬਰੀ ਕੀਤੇ ਗਏ ਹਨ ਉਨ੍ਹਾਂ ਕੇਸਾਂ ਵਿੱਚੋਂ ਕਿੰਨੇ ਕੇਸਾਂ ਵਿੱਚ ਪੰਜਾਬ ਸਰਕਾਰ ਨੇ ਉੱਚ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਹੈ?

ਪਰਤੋਂ ਜੀ.....

**ਪਲਾਸਟਿਕ ਦੇ ਚੌਲਾਂ ਦੀਆਂ ਖਿੱਲਾਂ ਸਪਲਾਈ ਕਰਨ ਵਾਲੇ ਵਿਅਕਤੀ ਖਿਲਾਫ ਕਾਰਵਾਈ**

530. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਫਰਵਰੀ 2020 ਦੇ ਪਹਿਲੇ ਹਫਤੇ ਪਿੰਡ ਮੱਤਾ ਜ਼ਿਲ੍ਹਾ ਫਰੀਦਕੋਟ ਦੇ ਇਤਿਹਾਸਿਕ ਗੁਰਦੁਆਰਾ ਗੁਰੂ ਦੀ ਢਾਬ ਵਿੱਖੇ ਪਲਾਸਟਿਕ ਦੇ ਚੌਲਾਂ ਦੀਆਂ ਖਿੱਲਾਂ ਪਰਸ਼ਾਦ ਦੇ ਤੋਰ ਤੇ ਵਰਤਾਈਆਂ ਗਈਆਂ ਸਨ;

ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਹ ਪਲਾਸਟਿਕ ਦੇ ਚੌਲਾਂ ਦੀਆਂ ਖਿੱਲਾਂ ਸਪਲਾਈ ਕਰਨ ਵਾਲੇ ਵਿਅਕਤੀ ਖਿਲਾਫ ਪੰਜਾਬ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ?

**ਸਰਦ ਰੁੱਤ ਵਿੱਚ ਸਕੂਲੀ ਬੱਚਿਆਂ ਨੂੰ ਘਾਹ ਤੇ ਬਿਠਾਉਣ ਵਾਲੇ ਅਧਿਕਾਰੀਆਂ ਪ੍ਰਤੀ ਕਾਰਵਾਈ**

531. **ਸਰਦਾਰ ਕੁਲਤਾਰ ਸਿੰਘ ਸੰਧਵਾਂ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ 3 ਫਰਵਰੀ, 2020 ਨੂੰ ਸਕੱਤਰ ਪੰਜਾਬ ਸਰਕਾਰ, ਸਿੱਖਿਆ ਵਿਭਾਗ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਫੱਤਾ ਮਾਲੋਕੇ ਦੇ ਸਕੂਲ ਦੀ ਸਭਾ ਦੌਰਾਨ ਸਵੇਰੇ 8.30 ਵਜੇ ਸਰਦੀ ਦੀ ਰੁੱਤ ਵਿੱਚ ਸਕੂਲੀ ਬੱਚਿਆਂ ਨੂੰ ਘਾਹ ਤੇ ਬਿਠਾਇਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਕੀ ਬੱਚਿਆਂ ਦੇ ਬੈਠਣ ਲਈ ਦਰੀਆਂ ਆਦਿ ਦਾ ਪ੍ਰਬੰਧ ਕਰਨਾ ਸਕੂਲ ਅਧਿਕਾਰੀਆਂ ਦੀ ਜ਼ਿੰਮੇਵਾਰੀ ਨਹੀਂ ਸੀ;

ਅ) ਸਕੱਤਰ, ਪੰਜਾਬ ਸਰਕਾਰ ਸਿੱਖਿਆ ਵਿਭਾਗ ਨੇ ਸਕੂਲ ਅਧਿਕਾਰੀਆਂ ਦੀ ਇਸ ਅਣਗਹਿਲੀ ਪ੍ਰਤੀ ਕੋਈ ਕਦਮ ਕਿਓਂ ਨਹੀਂ ਚੁੱਕਿਆ ਅਤੇ ਉਹ ਆਪਣਾ ਭਾਸ਼ਨ ਦਿੰਦੇ ਰਹੇ ਜਦੋਂ ਕਿ ਵਿਦਿਆਰਥੀ ਭੁੰਜੇ ਬੈਠੇ ਠੰਡ ਨਾਲ ਕੰਬ ਰਹੇ ਸਨ?

**ਬੁਢਲਾਡਾ ਦੇ ਪਿੰਡਾਂ ਦੀਆਂ ਡਰੇਨਾਂ ਤੇ ਪੁੱਲ ਬਣਾਉਣਾ**

557. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਹਲਕਾ ਬੁਢਲਾਡਾ ਦੇ ਪਿੰਡ ਬਹਾਦਰਪੁਰ ਤੋਂ ਖੱਤਰੀਵਾਲਾ ਅਤੇ ਫਰੀਦ ਕੇ ਤੋਂ ਲੱਧੂਵਾਸ ਵਿਚਕਾਰ ਪੈਂਦੀਆਂ ਲਿੰਕ ਡਰੇਨਾਂ ਦਾ ਪੁੱਲ ਨਾ ਹੋਣ ਕਰਕੇ ਕਿਸਾਨਾਂ ਅਤੇ ਆਮ ਲੋਕਾਂ ਦਾ ਆਉਣਾ ਜਾਣਾ ਬਹੁਤ ਮੁਸ਼ਕਿਲ ਹੋ ਰਿਹਾ ਹੈ;

ਅ) ਜੇਕਰ ਅਜਿਹਾ ਹੋਵੇ ਤਾਂ ਇਹ ਪੁੱਲ ਕਦੋਂ ਤੱਕ ਬਣਾ ਦਿੱਤੇ ਜਾਣਗੇ ਅਤੇ ਕੀ ਇਹ ਪੁੱਲ (ਲਿੰਕ ਡਰੇਨਾਂ ਦੇ) ਪੰਚਾਇਤੀ ਫੰਡ ਵਿੱਚੋਂ ਵੀ ਗ੍ਰਾਂਟ ਦੇ ਕੇ ਬਣਾਉਣਾ ਵਿਚਾਰ ਅਧੀਨ ਹੋ ਸਕਦਾ ਹੈ?

**ਬੁਢਲਾਡਾ ਵਿਖੇ ਸਹਾਇਕ ਪੰਚਾਇਤ ਅਫਸਰ ਦੀ ਨਿਯੁਕਤੀ**

558. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਬੀ.ਡੀ.ਪੀ.ਓ. ਦਫਤਰ ਬੁਢਲਾਡਾ ਵਿਖੇ ਸਹਾਇਕ ਪੰਚਾਇਤ ਅਫਸਰ ਦੀ ਪੋਸਟ ਹੈ; ਜੇਕਰ ਅਜਿਹਾ ਨਹੀਂ ਹੈ ਤਾਂ ਮੌਜੂਦਾ ਸਮੇਂ ਵਿੱਚ ਹਰਵੀਰ ਸਿੰਘ, ਜੋ ਪੰਚਾਇਤ ਸਕੱਤਰ ਹੈ, ਉਹ ਕਿਸ ਨਿਯਮ ਅਧੀਨ ਸਹਾਇਕ ਪੰਚਾਇਤ ਅਫਸਰ ਵਜੋਂ ਕੰਮ ਕਰ ਰਿਹਾ ਹੈ;

ਅ) ਜੇਕਰ ਉੱਤਰ ਹਾਂ ਵਿੱਚ ਹੈ ਤਾਂ ਸਹਾਇਕ ਪੰਚਾਇਤ ਅਸਫਰ ਨਿਯੁਕਤ ਕਰਨ ਦਾ ਕੀ ਕ੍ਰਾਈਟੇਰੀਆ ਹੈ ਅਤੇ ਇਹ ਨਿਯੁਕਤੀ ਦੇ ਕੀ ਨਿਯਮ ਹਨ?

**ਸਬ-ਡਵੀਜ਼ਨ ਬੁਢਲਾਡਾ ਵਿਖੇ ਸਰਕਾਰੀ ਕਾਲਜ਼ ਖੋਲ੍ਹਣਾ**

559. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪੰਜਾਬ ਸਰਕਾਰ ਨੇ ਹਰੇਕ ਸਬ-ਡਵੀਜ਼ਨ ਵਿੱਚ ਇੱਕ ਸਰਕਾਰੀ ਕਾਲਜ ਖੋਲ੍ਹਣ ਦਾ ਵਾਅਦਾ ਸੈਸ਼ਨ ਦੌਰਾਨ ਕੀਤਾ ਸੀ; ਜੇਕਰ ਅਜਿਹਾ ਹੋਵੇ ਤਾਂ ਬੁਢਲਾਡਾ ਸਬ-ਡਵੀਜ਼ਨ ਵਿੱਚ ਸਰਕਾਰੀ ਕਾਲਜ ਕਦੋਂ ਤੱਕ ਖੋਲ੍ਹਣਾ ਵਿਚਾਰ ਅਧੀਨ ਹੈ?

**ਵਿਧਵਾ, ਕੁਆਰੀਆਂ ਅਤੇ ਨਵ ਵਿਆਹੀਆਂ ਲੜਕੀਆਂ ਦੀਆਂ ਬਦਲੀਆਂ**

560. **ਸ਼੍ਰੀ ਬੁੱਧ ਰਾਮ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿੱਖਿਆ ਵਿਭਾਗ ਵਿੱਚ ਪਿਛਲੇ ਸਾਲਾਂ ਤੋਂ ਵਿਧਵਾ, ਕੁਆਰੀਆਂ ਅਤੇ ਨਵ ਵਿਆਹੀਆਂ ਲੜਕੀਆਂ ਦੀਆਂ ਬਦਲੀਆਂ ਨਹੀਂ ਕੀਤੀਆਂ ਗਈਆਂ, ਜਿਸ ਕਾਰਨ ਘਰਾਂ ਤੋਂ ਦੂਰ ਹੋਣ ਕਰਕੇ ਉਹ ਬਹੁਤ ਮਾਨਸਿਕ ਅਤੇ ਆਰਥਿਕ ਬੋਝ ਮਹਿਸੂਸ ਕਰ ਰਹੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ਇਨ੍ਹਾਂ ਕੈਟਾਗਰੀਆਂ ਨੂੰ ਬਦਲੀ ਦੀ ਸਹੂਲਤ ਦਿੱਤੀ ਜਾਵੇਗੀ?

**ਸਾਲ 2018-19 ਦੀਆਂ ਗੁਪਤ ਰਿਪੋਰਟਾਂ/ਡਾਇਰੈਕਟਰ ਤਕਨੀਕੀ ਸਿੱਖਿਆ ਦੁਆਰਾ ਸਾਈਨ ਕਰਨ ਵਿੱਚ ਦੇਰੀ**

573. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਸਾਲ 2018-19 ਦੀਆਂ ਗੁਪਤ ਰਿਪੋਰਟਾਂ ਡਾਇਰੈਕਟਰ ਤਕਨੀਕੀ ਸਿੱਖਿਆ ਦੁਆਰਾ ਸਾਈਨ ਕਰਨ ਵਿੱਚ ਬੇਲੋੜੀ ਦੇਰੀ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਕੁਤਾਹੀ ਲਈ ਡਾਇਰੈਕਟੋਰੇਟ ਦਫਤਰ ਦੇ ਕੌਣ ਕੌਣ ਅਧਿਕਾਰੀ/ਕਰਮਚਾਰੀ ਜ਼ਿੰਮੇਵਾਰ ਹਨ ਅਤੇ ਉਨ੍ਹਾਂ ਖਿਲਾਫ ਕੀ ਕਾਰਵਾਈ ਕਰ ਰਹੀ ਹੈ;

ਅ) ਜਿਨ੍ਹਾਂ ਅਧਿਕਾਰੀਆਂ ਦੀਆਂ ਸਾਲ 2018-19 ਦੀਆਂ ਗੁਪਤ ਰਿਪੋਰਟਾਂ ਸਮੇਂ ਸਿਰ ਮੁਕੰਮਲ ਨਹੀਂ ਕੀਤੀਆਂ ਗਈਆਂ, ਉਨ੍ਹਾਂ ਦਾ ਭਵਿੱਖ ਵਿੱਚ ਕੋਈ ਨੁਕਸਾਨ ਨਾ ਹੋਵੇ ਜਿਸ ਸਬੰਧੀ ਸਰਕਾਰ ਕੀ ਕਦਮ ਚੁੱਕ ਰਹੀ ਹੈ?

**ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ ਰੈਗੂਲਰ ਲੈਕਚਰਾਰਾਂ ਨੂੰ ਲਾਭ ਦੇਣਾ**

574. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਤਕਨੀਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪੰਜਾਬ ਰਾਜ ਦੇ ਸਰਕਾਰੀ ਬਹੁਤਕਨੀਕੀ ਕਾਲਜਾਂ ਵਿੱਚ ਸਾਲ 2011 ਵਿੱਚ 104 ਦੇ ਕਰੀਬ ਲੈਕਚਰਾਰ ਰੈਗੂਲਰ ਕੀਤੇ ਗਏ ਸਨ;

ਅ) ਕੀ ਇਹ ਵੀ ਠੀਕ ਹੈ ਕਿ ਇਨ੍ਹਾਂ ਦਾ ਏ.ਸੀ.ਪੀ ਅਧੀਨ ਚਾਰ ਸਾਲਾ ਲਾਭ ਸਾਲ 2015 ਵਿੱਚ ਦੇਣਾ ਬਣਦਾ ਸੀ;

ੲ) ਕੀ ਇਹ ਲਾਭ ਇਨ੍ਹਾਂ ਲੈਕਚਰਾਰਾਂ ਨੂੰ ਦੇ ਦਿੱਤਾ ਗਿਆ ਹੈ; ਜੇਕਰ ਨਹੀਂ ਤਾਂ ਇਹ ਲਾਭ ਯਕੀਨਨ ਕਦੋਂ ਤੱਕ ਦੇ ਦਿੱਤਾ ਜਾਵੇਗਾ?

**ਪ੍ਰੀਖਿਆਵਾਂ ਕੰਡਕਟ ਕਰਵਾਉਣ ਵਾਲੇ ਅਮਲੇ ਨੂੰ ਮਿਲਣ ਵਾਲੀ ਅਦਾਇਗੀ**

578. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਪ੍ਰੀਖਿਆਵਾਂ ਕੰਡਕਟ ਕਰਵਾਉਣ ਵਾਲੇ ਅਮਲੇ ਦੀ ਅਦਾਇਗੀ ਦੇ ਬਿੱਲ ਜਿਵੇਂ ਕਿ ਪ੍ਰੈਕਟੀਕਲ ਕੰਡਕਟ ਕਰਵਾਉਣ ਦੇ ਅਤੇ ਟੀ.ਏ. ਆਦਿ ਕਲੀਅਰ ਕਰਨ ਵਿੱਚ ਸਾਲਾਂ ਬੱਧੀ ਦੇਰੀ ਹੋ ਰਹੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪਿੱਛੇ ਕੰਮ ਕਾਰ ਵਿੱਚ ਲੋੜ ਤੋਂ ਜ਼ਿਆਦਾ ਢਿੱਲ ਦੇ ਕੀ ਕਾਰਨ ਹਨ;

ਅ) ਕੀ ਇਹ ਵੀ ਠੀਕ ਹੈ ਕਿ ਪ੍ਰਿੰਸੀਪਲਜ਼ ਦੀ ਖਰੀਦ ਸ਼ਕਤੀ ਸਿਰਫ 500 ਰੁਪਏ ਤੱਕ ਸੀਮਤ ਹੈ; ਜੇਕਰ ਅਜਿਹਾ ਹੈ ਤਾਂ ਇਹ ਹੁਣ ਤੱਕ ਵਧਾਈ ਕਿਉਂ ਨਹੀਂ ਗਈ?

**ਡਾਇਰੈਕਟੋਰੇਟ ਵਿੱਖੇ ਪ੍ਰਬੰਧਕੀ ਅਸਾਮੀ ਤੇ ਲੱਗਣ ਦੇ ਨਿਯਮ**

580. **ਮਾਸਟਰ ਬਲਦੇਵ ਸਿੰਘ,ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਵਰਕਸ਼ਾਪ ਵਿਭਾਗ ਨਾਲ ਸਬੰਧਤ ਅਮਲੇ ਵਿੱਚੋਂ, ਡਾਇਰੈਕਟੋਰੇਟ ਵਿੱਖੇ ਕਿਸੇ ਦੀ ਪ੍ਰਬੰਧਕੀ ਅਸਾਮੀ ਜਿਵੇਂ ਕਿ ਐਡੀਸ਼ਨਲ ਡਾਇਰੈਕਟਰ, ਅਸਿਸਟੈਂਟ ਡਾਇਰੈਕਟਰ, ਡਿਪਟੀ ਡਾਇਰੈਕਟਰ ਆਦਿ ਤੇ ਲੱਗਣ ਲਈ ਨਿਯਮ ਕੀ ਹਨ?

ਚੰਡੀਗੜ੍ਹ
ਮਿਤੀ 01 ਮਾਰਚ, 2021

ਸ਼ਸ਼ੀ ਲਖਨਪਾਲ ਮਿਸ਼ਰਾ,
ਸਕੱਤਰ,
ਪੰਜਾਬ ਵਿਧਾਨ ਸਭਾ।